# ਕਿਊਬੈਕ ਦੇ ਨੌਜਵਾਨਾਂ ਦਾ ਘੋਲ

ਕਿਊਬੈਕ ਦੇ ਵਿਦਿਆਰਥੀ ਪਿਛਲੇ ਤਿੰਨ ਮਹੀਨੇ ਤੋਂ ਵੀ ਜ਼ਿਆਦਾ ਅਰਸੇ ਤੋਂ ਆਪਣੇ ਹੱਕਾਂ ਦੀ ਰਾਖੀ ਲਈ ਹੜਤਾਲ ਤੇ ਹਨ। 22 ਮਈ ਨੂੰ ਉਨ੍ਹਾਂ ਨੇ ਆਪਣੀ ਇਸ ਹੜਤਾਲ ਦਾ ਸੌ ਦਿਨ ਪੂਰਾ ਕੀਤਾ ਅਤੇ ਉਸ ਦਿਨ ਤਕਰੀਬਨ ਪੰਜ ਲੱਖ ਲੋਕਾਂ ਨੇ ਮੌਂਟਰੀਅਲ ਸ਼ਹਿਰ ਵਿਚ ਇਕ ਵੱਡਾ ਰੋਸ ਮੁਜ਼ਾਹਿਰਾ ਕੀਤਾ।

ਕਿਊਬੈਕ ਦੀ ਲਿਬਰਲ ਸਰਕਾਰ ਨੌਜਵਾਨਾਂ ਦੀ ਇਸ ਹੜਤਾਲ ਨੂੰ ਬਹੁਤ ਹੀ ਵਹਿਸ਼ੀ ਤਰੀਕੇ ਨਾਲ ਕੁਚਲਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਉਹ ਇਨ੍ਹਾਂ ਨੌਜਵਾਨਾਂ ਦੇ ਹੌਸਲੇ ਪਸਤ ਕਰਨ ਵਿਚ ਨਾਕਾਮ ਰਹੀ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਤਾਲੀਮ ਉਨ੍ਹਾਂ ਦਾ ਇਕ ਬੁਨਿਆਦੀ ਹੱਕ ਹੈ ਅਤੇ ਸਮਾਜ ਦੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਦਾ ਇਹ ਹੱਕ ਤਸਲੀਮ ਕਰੇ ਅਤੇ ਉਨ੍ਹਾਂ ਦੀ ਤਾਲੀਮ ਲਈ ਵਸੀਲੇ ਮੁਹੱਈਆ ਕਰੇ। ਸਰਕਾਰ ਸਮਝਦੀ ਹੈ ਕਿ ਵਡੇਰਿਆਂ ਅਤੇ ਅਜਾਰੇਦਾਰਾਂ ਦੇ ਮੁਨਾਫ਼ਿਆਂ ਨੂੰ ਵੱਧ ਤੋਂ ਵੱਧ ਕਰਨਾ ਹੀ ਉਸਦੀ ਮੁਖ ਜ਼ਿੰਮੇਵਾਰੀ ਹੈ ਤੇ ਇਸ ਕੰਮ ਲਈ ਉਹਦਾ ਬੁਨਿਆਦੀ ਸਮਾਜੀ ਸੇਵਾਵਾਂ ਵਿਚ ਕਟੌਤੀ ਕਰਨੀ ਜ਼ਰੂਰੀ ਹੈ, ਇਸ ਨਾਲ ਜੇ ਲੋਕਾਂ ਨੂੰ ਤੰਗੀ ਵੀ ਹੁੰਦੀ ਹੈ ਤਾਂ ਕੋਈ ਹਰਜ ਨਹੀਂ ਲੋਕਾਂ ਨੂੰ ਇਸ ਤੰਗੀ ਦਾ ਸਾਮ੍ਹਣਾ ਕਰਨਾ ਜ਼ਰੂਰੀ ਹੈ। ਇਸ ਨੀਤੀ ਤੇ ਚਲਦੀ ਹੋਈ ਸਰਕਾਰ ਇਕ ਪਾਸੇ ਸਮਾਜੀ ਸੇਵਾਵਾਂ ਜਿਵੇਂ ਕਿ ਸਿਹਤ, ਤਾਲੀਮ ਵਗੈਰਾ ਵਿਚ ਵੱਡੀਆਂ ਕਟੌਤੀਆਂ ਕਰ ਰਹੀ ਹੈ ਅਤੇ ਦੂਜੇ ਪਾਸੇ ਸੂਦਖ਼ੋਰਾਂ ਅਤੇ ਮੁਨਾਫ਼ੇਖ਼ੋਰਾਂ ਦੀਆਂ ਜੇਬਾਂ ਭਰ ਰਹੀ ਹੈ। ਉਸਨੇ ਇਕ ਵਾਰ ਵੀ ਨਹੀਂ ਕਿਹਾ ਕਿ ਅਗਲੇ ਸਾਲ ਲਈ ਉਹ ਸੂਦਖ਼ੋਰਾਂ ਨੂੰ ਪੈਸੇ ਨਹੀਂ ਦੇਵੇਗੀ ਬਲਕਿ ਉਸਦੀ ਦਲੀਲ ਹੈ ਕਿ ਸੂਦਖ਼ੋਰਾਂ ਦੀਆਂ ਜੇਬਾਂ ਭਰਨੀਆਂ ਸਮਾਜ ਅਤੇ ਆਰਥਿਕਤਾ ਲਈ ਬਹੁਤ ਜ਼ਰੂਰੀ ਹੈ।

ਸਰਕਾਰ ਨੇ ਵਿਦਿਆਰਥੀਆਂ ਦੀ ਹੜਤਾਲ ਤੋੜਨ ਲਈ ਬਿਲ 78 ਨਾਮ ਦਾ ਇਕ ਕਾਨੂੰਨ ਬਣਾਇਆ ਹੈ। ਇਸ ਕਾਨੂੰਨ ਮੁਤਾਬਿਕ ਕਿਸੇ ਵੀ ਥਾਂ ਤੇ 50 ਤੋਂ ਵੀ ਵੱਧ ਜਣਿਆਂ ਦਾ ਇਕੱਠਾ ਹੋਣਾ ਇਕ ਜੁਰਮ ਬਣਾ ਦਿਤਾ ਗਿਆ ਹੈ। ਇਸ ਜੁਰਮ ਲਈ ਉਨ੍ਹਾਂ ਨੂੰ ਸਜ਼ਾ ਅਤੇ ਜੁਰਮਾਨਾ ਕੀਤਾ ਜਾ ਰਿਹਾ ਹੈ ਤੇ ਹਜ਼ਾਰਾਂ ਹੀ ਵਿਦਿਆਰਥੀਆਂ ਨੂੰ ਕੈਦ ਕਰ ਦਿਤਾ ਗਿਆ ਹੈ। ਪਰ ਕਿਊਬੈਕ ਦੇ ਨੌਜਵਾਨ ਅਤੇ ਆਮ ਲੋਕ ਹਰ ਰਾਤ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਮੁਜ਼ਾਹਰਿਆਂ ਅਤੇ ਰੈਲੀਆਂ ਵਿਚ ਸ਼ਾਮਿਲ ਹੋਕੇ ਤਾਲੀਮ ਦੇ ਹੱਕ ਦੀ ਰਾਖੀ ਲਈ ਇਕ-ਮੁੱਠ ਹੋ ਰਹੇ ਹਨ। ਕਨੇਡਾ ਦੇ ਹੋਰਨਾਂ ਹਿਸਿਆਂ ਅਤੇ ਸੂਬਿਆਂ ਵਿਚ ਵੀ ਵਿਦਿਆਰਥੀ ਅਤੇ ਲੋਕੀ ਕਿਊਬੈਕ ਦੇ ਲੋਕਾਂ ਦੀ ਹਮਾਇਤ ਵਿਚ ਜਲਸੇ ਅਤੇ ਰੈਲੀਆਂ ਕਰ ਰਹੇ ਹਨ। ਦੁਨੀਆ ਦੇ ਹੋਰਨਾਂ ਮੁਲਕਾਂ ਵਿਚ ਵੀ ਉਨ੍ਹਾਂ ਦੀ ਹਮਾਇਤ ਵਿਚ ਲੋਕ ਇਕੱਠੇ ਹੋ ਰਹੇ ਹਨ ਅਤੇ ਤਾਇਵਾਨ, ਫਰਾਂਸ, ਅਮਰੀਕਾ, ਤੁਰਕੀ, ਜਰਮਨੀ, ਸਪੇਨ ਅਤੇ ਹੋਰਨਾਂ ਕਈ ਮੁਲਕਾਂ ਵਿਚ ਲੋਕਾਂ ਨੇ ਜਲਸੇ ਅਤੇ ਰੈਲੀਆਂ ਕਰਕੇ ਆਪਣੀ ਹਮਾਇਤ ਜ਼ਾਹਰ ਕੀਤੀ ਹੈ।

ਕਿਊਬੈਕ ਦੇ ਨੌਜਵਾਨਾਂ ਦਾ ਘੋਲ ਕਨੇਡਾ ਦੇ ਲੋਕਾਂ ਦੇ ਨਵੀਂ ਉਸਾਰੀ ਲਈ ਘੋਲ ਦਾ ਕਿ ਅਨਿਖੜਵਾਂ ਹਿੱਸਾ ਹੈ। ਇਸ ਕਰਕੇ ਇਹਨੂੰ ਕਨੇਡਾ ਅਤੇ ਦੁਨੀਆ ਦੇ ਲੋਕਾਂ ਦੀ ਹਮਾਇਤ ਹਾਸਲ ਹੈ। ਹੋਰਨਾਂ ਲੋਕਾਂ ਵਾਂਗ ਹੀ ਕਿਊਬੈਕ ਅਤੇ ਕਨੇਡਾ ਦੇ ਲੋਕ ਆਪਣੇ ਹੱਕਾਂ ਦੀ ਰਾਖੀ ਲਈ ਵੱਡੀ ਪੁਲਾਂਘ ਪੁੱਟ ਰਹੇ ਹਨ। ਦੂਸਰੇ ਪਾਸੇ ਹਾਕਮ ਟੋਲਾ, ਉਨ੍ਹਾਂ ਦੀ ਰਿਆਸਤ  ਅਤੇ ਸਰਕਾਰ ਅਮੀਰਾਂ ਦੀਆਂ ਜੇਬਾਂ ਭਰਨ ਲਈ ਅਤੇ ਲੋਕਾਂ ਦੇ ਹੱਕ ਕੁਚਲਣ ਲਈ ਹਰ ਵਹਿਸ਼ੀ ਹਰਕਤ ਕਰ ਰਹੇ ਹਨ।